੧ੴ ਵਾਹਿਗੁਰੂ ਜੀ ਕੀ ਫ਼ਤਹ ॥

# ਅਖੰਡ ਕੀਰਤਨੀ ਜਥਾ (ਰਜਿ.)

# Akhand Kirtani Jatha (Regd.)

**ਮੁੱਖ ਦਫ਼ਤਰ: ਰੰਗਲੇ ਸੱਜਣ ਮੈਮੋਰੀਅਲ ਚੈਰੀਟੇਬਲ ਟਰਸਟ (ਰਜਿ.), ਚੌਂਕ ਬਾਬਾ ਸਾਹਿਬ, ਸ੍ਰੀ ਅੰਮ੍ਰਿਤਸਰ**
Head Office: Ranglay Sajjan Memorial Charitable Trust (Regd.), Chownk Baba Sahib, Sri Amritsar

**ਮੁੱਖ ਸੇਵਾਦਾਰ: ਭਾਈ ਬਖ਼ਸ਼ੀਸ਼ ਸਿੰਘ ਜੀ**

Ref. No.: AKJ/I/2019212

ਮੰਗਲਵਾਰ, ੧ ਫੱਗਣ, ਨਾਨਕਸ਼ਾਹੀ ੫੫੦
Tuesday, February 12th, 2019

**– ਪ੍ਰੈਸ ਨੋਟ –**

## ਨਵਾਂਸ਼ਹਿਰ ਅਦਾਲਤ ਵਲੋਂ ਸਿੱਖ ਇਤਿਹਾਸ ਅਤੇ ਗੁਰਮਤਿ ਸਾਹਿਤ ਰੱਖਣ ਕਾਰਨ ੩ ਸਿੱਖ ਨੌਜਵਾਨਾਂ ਨੂੰ ਉਮਰ ਕੈਦ ਦੇਣ ਦਾ ਅਖੰਡ ਕੀਰਤਨੀ ਜਥੇ ਵਲੋਂ ਗੰਭੀਰ ਨੋਟਿਸ।

ਪਿਛਲੇ ਦਿਨੀਂ ਨਵਾਂਸ਼ਹਿਰ ਦੀ ਇਕ ਅਦਾਲਤ ਵੱਲੋਂ ਤਿੰਨ ਸਿੱਖ ਨੌਜਵਾਨਾਂ ਨੂੰ ਸਿੱਖ ਸਾਹਿਤ ਰੱਖਣ ਦੇ ਦੋਸ਼ 'ਚ ਉਮਰ ਕੈਦ ਦੀ ਸਜ਼ਾ ਦੇਣ ਅਤੇ ਇਸ ਮੁਕੱਦਮੇ ਦੇ ਫੈਸਲੇ ਵਿਚ ਜੱਜ ਵਲੋਂ ਮਹਾਨ ਆਜ਼ਾਦੀ ਘੁਲਾਟੀਏ, ਪੰਥ ਦੀ ਸੋਨ ਚਿੜ੍ਹੀ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਿਵਾਜੇ ਗਏ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਇਕ ਰਚਨਾ ਨੂੰ ਦੇਸ਼ ਵਿਰੋਧੀ ਦੱਸਣ ਦਾ, ਅਖੰਡ ਕੀਰਤਨੀ ਜਥੇ ਨੇ ਸਖ਼ਤ ਨੋਟਿਸ ਲੈਂਦਿਆਂ ਅਦਾਲਤ ਦੇ ਇਸ ਫੈਸਲੇ ਨੂੰ ਸਿੱਖ ਇਤਿਹਾਸ, ਸਿੱਖ ਸਾਹਿਤ ਅਤੇ ਸਿੱਖਾਂ ਦੇ ਧਾਰਮਿਕ ਅਧਿਕਾਰਾਂ ਨੂੰ ਖੋਹਣ ਲਈ ਇਕ ਵੱਡੀ ਸਾਜ਼ਿਸ਼ ਦਾ ਹਿੱਸਾ ਕਰਾਰ ਦਿੱਤਾ ਹੈ।

ਸਾਲ ੨੦੧੬ ਦੇ ਇਕ ਮਾਮਲੇ ਵਿਚ ਅਰਵਿੰਦਰ ਸਿੰਘ, ਸੁਰਜੀਤ ਸਿੰਘ ਅਤੇ ਰਣਜੀਤ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਏ ਜਾਣਾ ਭਾਰਤੀ ਸੰਵਿਧਾਨ ਅਨੁਸਾਰ ਹੀ ਗੈਰ-ਕਾਨੂੰਨੀ, ਚਿੰਤਾਜਨਕ ਅਤੇ ਗਲਤ ਪਿਰਤ ਪਾਉਣ ਵਾਲਾ ਫੈਸਲਾ ਹੈ, ਜੋ ਭਾਰਤ ਵਿਚ ਘੱਟ-ਗਿਣਤੀਆਂ ਨੂੰ ਸਿੱਧਾ-ਸਿੱਧਾ ਗੁਲਾਮੀ ਦਾ ਅਹਿਸਾਸ ਕਰਵਾ ਰਿਹਾ ਹੈ। ਸਿੱਖੀ ਸਿਧਾਂਤਾਂ ਅਨੁਸਾਰ 'ਰਾਜ ਕਰੇਗਾ ਖ਼ਾਲਸਾ' ਦਾ ਜੈਕਾਰਾ ਲਾਉਣਾ, ਸਿੱਖੀ ਮਾਰਗ ਤੇ ਚੱਲਦਿਆਂ ਸ਼ਹੀਦੀ ਪ੍ਰਾਪਤ ਕਰ ਗਏ ਸ਼ਹੀਦਾਂ ਨੂੰ ਯਾਦ ਕਰਨਾ, ਸਿੱਖੀ ਨਾਲ ਸਬੰਧਤ ਕਿਤਾਬਾਂ ਰੱਖਣਾਂ ਅਤੇ ਪੰਥ ਰਤਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਅਨਮੁੱਲੀਆਂ ਲਿਖਤਾਂ ਜਾਂ ਹੋਰ ਸਾਹਿਤ ਪੜ੍ਹਨਾ ਆਦਿ ਸਿੱਖਾਂ ਲਈ ਰੋਜ਼ਾਨਾ ਕਰਮ ਹੈ। ਸਿੱਖ ਇਤਿਹਾਸ ਗੁਰਮਤਿ ਸਿਧਾਂਤਾਂ ਅਨੁਸਾਰ ਸੱਚ ਅਤੇ ਹੱਕ ਤੇ ਚਲਦਿਆਂ ਆਪਣਾ ਆਪ ਨਿਸ਼ਾਵਰ ਕਰ ਗਏ ਮਰਜੀਵੜਿਆਂ ਨਾਲ ਭਰਿਆ ਪਿਆ ਹੈ। ਹਰ ਸਿੱਖ ਆਪਣੀ ਰੋਜ਼ਾਨਾਂ ਅਰਦਾਸ ਅੰਦਰ ਪੁਰਾਤਨ ਅਤੇ ਮੌਜੂਦਾ ਸ਼ਹੀਦਾਂ ਨੂੰ ਯਾਦ ਕਰਦਾ ਹੈ ਅਤੇ ਉਹਨਾਂ ਦੇ ਪਾਏ ਹੋਏ ਪੂਰਨਿਆਂ ਤੇ ਚੱਲਣ ਦੀ ਸੱਚੇ ਪਾਤਿਸ਼ਾਹ ਤੋਂ ਦਾਤ ਮੰਗਦਾ ਹੈ। ਕਿਸੇ ਦੁਨਿਆਵੀ ਅਦਾਲਤ ਵੱਲੋਂ ਸਿੱਖ ਸ਼ਹੀਦਾਂ ਨੂੰ ਯਾਦ ਕਰਨ ਨੂੰ ਦੇਸ਼ ਧ੍ਰੋਹ ਕਰਾਰ ਦੇਣਾ ਸਿੱਖ ਪਰੰਪਰਾਵਾਂ ਉੱਤੇ ਭਾਰੂ ਹਮਲਾ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਉਂਝ ਭਾਰਤ ਦਾ ਸੰਵਿਧਾਨ ਹਰੇਕ ਨਾਗਰਿਕ ਨੂੰ ਆਪਣੇ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਦਿੰਦਾ ਹੈ। ਪਰ ਇਸ ਦੇ ਉਲਟ ਨਵਾਂਸ਼ਹਿਰ ਦੀ ਅਦਾਲਤ ਵਲੋਂ ਤਿੰਨ ਸਿੱਖ ਨੌਜਵਾਨਾਂ ਨੂੰ ਮਹਿਜ ਇਸ ਕਰਕੇ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਗਈ, ਕਿ ਉਨ੍ਹਾਂ ਕੋਲੋਂ ਸਿੱਖ ਇਤਿਹਾਸ ਸਬੰਧੀ ਕੁਝ ਪੁਸਤਕਾਂ ਅਤੇ ੧੯੭੮ ਦੇ ਵਿਸਾਖੀ ਸਾਕੇ ਦੇ ਸ਼ਹੀਦਾਂ

ਦੀਆਂ ਤਸਵੀਰਾਂ ਮਿਲੀਆਂ ਹਨ। ਇਸ ਫੈਸਲੇ ਵਿਚ ਜੱਜ ਵਲੋਂ ਮਹਾਨ ਆਜ਼ਾਦੀ ਘੁਲਾਟੀਏ ਭਾਈ ਸਾਹਿਬ ਭਾਈ ਰਣਧੀਰ ਸਿੰਘ ਵਲੋਂ ਆਜ਼ਾਦੀ ਦੀ ਲਹਿਰ ਵੇਲੇ ਅੰਗਰੇਜ਼ ਸਰਕਾਰ ਦੀਆਂ ਫਾਸ਼ੀਵਾਦੀ ਨੀਤੀਆਂ ਖ਼ਿਲਾਫ ਲਿਖੇ ਲੇਖ ਦੀਆਂ ਕੁਝ ਸਤਰਾਂ ਨੂੰ "ਭਾਈ ਰਣਧੀਰ ਸਿੰਘ ਦੀ ਖਾਲਿਸਤਾਨ ਸਬੰਧੀ ਸ਼ਬਦਾਵਲੀ" ਵਜੋਂ ਦਿਖਾ ਕੇ ਤਿੰਨ ਸਿੱਖ ਨੌਜਵਾਨਾਂ ਨੂੰ ਖ਼ਤਰਨਾਕ ਅੱਤਵਾਦੀ ਕਰਾਰ ਦਿੱਤਾ ਗਿਆ ਹੈ। ਭਾਈ ਸਾਹਿਬ ਜੀ ਨਾਮ-ਬਾਣੀ ਦੇ ਰਸੀਏ, ਗੁਰਮਤਿ ਦੇ ਪਾਂਧੀ, ਬਾਣੀ-ਬਾਣੇ ਵਿੱਚ ਪਰਪੱਕ, ਸਿਦਕ ਸਿਰੜ ਦੀ ਮੂਰਤਿ, ਬੇਬਾਕ ਸਖਸ਼ੀਅਤ ਦੇ ਮਾਲਕ ਅਤੇ ਅੰਗਰੇਜ਼ ਰਾਜ ਦੇ ਜ਼ੁਲਮਾਂ ਖ਼ਿਲਾਫ ਅਵਾਜ਼ ਉਠਾਉਣ ਵਾਲੇ ਮਹਾਂ ਨਾਇਕ ਸਨ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਭਾਰਤ ਸਰਕਾਰ ਆਜ਼ਾਦੀ ਘੁਲਾਟੀਏ ਮੰਨਦੀ ਹੈ। ਯਾਦ ਰਹੇ ਕਿ ਭਾਈ ਸਾਹਿਬ ਜੀ ਨੇ ਆਜ਼ਾਦੀ ਦੇ ਘੋਲ ਵਿਚ ੧੬ ਸਾਲ ਦੀ ਕਰੜੀ ਕੈਦ ਕੱਟੀ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਤੱਕ ਜ਼ਬਤ ਹੋ ਗਈਆਂ ਸਨ। ਗਦਰ ਲਹਿਰ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਇਕ ਅਹਿਮ ਭੂਮਿਕਾ ਰਹੀ ਹੈ। ਸਰਦਾਰ ਕਰਤਾਰ ਸਿੰਘ ਸਰਾਭਾ ਵਲੋਂ ਦੇਸ਼ ਦੀਆਂ ਵੱਖ-ਵੱਖ ਫੌਜੀ ਛਾਉਣੀਆਂ ਵਿਚ ਭਾਰਤੀ ਫੌਜੀਆਂ ਦੀ ਬਗਾਵਤ ਦੇ ਵੱਡੇ ਐਕਸ਼ਨ ਲਈ ਭਾਈ ਸਾਹਿਬ ਜੀ ਦੀ ਸਹਾਇਤਾ ਲੈ ਕੇ ਹੀ ਪੰਜਾਬ ਵਿਚ ਇਕ ਵੱਡੀ ਲਹਿਰ ਖੜੀ ਕੀਤੀ ਸੀ। ਨਵਾਂਸ਼ਹਿਰ ਦੀ ਐਡੀਸ਼ਨਲ ਸੈਸ਼ਨ ਅਦਾਲਤ ਵਲੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀਆਂ ਲਿਖਤਾਂ ਨੂੰ 'ਖਾਲਿਸਤਾਨੀ ਸ਼ਬਦਾਵਲੀ' ਲਿਖਣਾ ਸੰਵਿਧਾਨਕ ਤੌਰ 'ਤੇ ਵੀ ਨਜਾਇਜ਼ ਹੈ ਅਤੇ ਸਿੱਖ ਇਤਿਹਾਸ ਅਤੇ ਗੁਰਮਤਿ ਸਾਹਿਤ 'ਤੇ ਤੁਗਲਕੀ ਪਾਬੰਦੀ ਲਗਾਉਣ ਦੀ ਕੋਝੀ ਹਰਕਤ ਹੈ। ਇਸ ਦੇ ਨਾਲ ਭਾਰਤ ਅੰਦਰ ਵੱਸਦੇ ਸਿੱਖਾਂ ਅਤੇ ਹੋਰ ਘੱਟ-ਗਿਣਤੀਆਂ ਵਿਚ ਬੇਗਾਨੇਪਨ ਅਤੇ ਗੁਲਾਮੀ ਦਾ ਅਹਿਸਾਸ ਹੋਰ ਪ੍ਰਚੰਡ ਹੋਵੇਗਾ, ਜੋ ਕਿ ਧਾਰਮਿਕ ਅਤੇ ਸੱਭਿਆਚਾਰਕ ਵੰਨ-ਸੁਵੰਨਤਾ ਵਾਲੇ ਦੇਸ਼ ਭਾਰਤ ਲਈ ਅਤਿ ਸ਼ਰਮਨਾਕ ਹੈ।

ਸਾਡੀ ਸਮੂਹ ਸਿੱਖ ਜਗਤ ਨੂੰ ਦੋਇ-ਕਰ ਜੋੜ ਬੇਨਤੀ ਹੈ ਕਿ ਇਨ੍ਹਾਂ ਤਿੰਨ ਸਿੱਖ ਨੋਜੁਆਨਾ ਉਤੇ 'ਰਾਜ ਕਰੇਗਾ ਖਾਲਸਾ' ਦੇ ਜੈਕਾਰੇ ਲਾਉਣ, ਸਿੱਖ ਸ਼ਹੀਦਾਂ ਨੂੰ ਯਾਦ ਕਰਨ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆ ਵਡਮੁੱਲੀਆਂ ਲਿਖਤਾਂ ਵਿਚਲੀ ਸ਼ਬਦਾਵਲੀ ਵਰਤਣ ਕਰਕੇ ਉਮਰ ਕੈਦ ਦੀ ਸਜ਼ਾ ਦੇਣ ਦਾ ਜੋ ਅਨਿਆਂ ਕੀਤਾ ਗਿਆ ਹੈ, ਇਸ ਦਾ ਪੁਰਜ਼ੋਰ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਇਸ ਅਨਿਆਂ ਖ਼ਿਲਾਫ ਰਾਸ਼ਟਰੀ, ਅੰਤਰਰਾਸ਼ਟਰੀ ਪੱਧਰ ਤੇ ਵੀ ਅਵਾਜ਼ ਉਠਾਉਣੀ ਚਾਹੀਦੀ ਹੈ। ਅੱਜ ਜੇਕਰ ਸਮੇਂ ਸਿਰ ਇਸ ਕੋਝੇ ਫੈਸਲੇ ਖਿਲਾਫ ਲਾਮਬੰਦ ਨਾ ਹੋਏ ਤਾਂ ਹੋਰ ਨੌਜਵਾਨਾਂ ਖ਼ਿਲਾਫ ਵੀ ਸਿੱਖ ਸਿਧਾਂਤਾਂ ਅਤੇ ਸਿੱਖ ਸ਼ਹੀਦਾਂ ਨਾਲ ਸਬੰਧਤ ਕਿਤਾਬਾਂ ਰੱਖਣ ਦੇ ਦੋਸ਼ ਹੇਠ, ਦੇਸ਼ ਧ੍ਰੋਹ ਦੀਆਂ ਧਾਰਾਵਾਂ ਲਗਾ ਕੇ ਉਹਨਾਂ ਨੂੰ ਵੀ ਜੇਲ੍ਹਾਂ ਵਿੱਚ ਪਾ ਦਿੱਤਾ ਜਾਵੇਗਾ।

ਆਸ ਕਰਦੇ ਹਾਂ ਕਿ ਜਲਦ ਹੀ ਸਾਰਾ ਸਿੱਖ ਪੰਥ ਇਸ ਕੂੜ ਕਾਰਵਾਈ ਵਿਰੁੱਧ ਅਵਾਜ਼ ਬੁਲੰਦ ਕਰਕੇ, ਸਰਕਾਰ ਨੂੰ ਇਹ ਫੈਸਲਾ ਵਾਪਸ ਲੈਣ ਲਈ ਮਜ਼ਬੂਰ ਕਰ ਦੇਵੇਗਾ। ਗੁਰੂ ਸਾਹਿਬ ਪੰਥ ਦੀ ਬਹੁੜੀ ਕਰਨ।


ਦਾਸਰੇ-

ਭਾਈ ਬਖ਼ਸ਼ੀਸ਼ ਸਿੰਘ

ਮੁੱਖ ਸੇਵਾਦਾਰ ਅਤੇ

੩੧ ਮੈਂਬਰੀ ਵਿਸ਼ਵ-ਵਿਆਪੀ ਕਮੇਟੀ

ਅਖੰਡ ਕੀਰਤਨੀ ਜੱਥਾ

ਮੱਖ ਬੁਲਾਰਾ: ਭਾਈ ਆਰ. ਪੀ. ਸਿੰਘ

9357723874